# ਇਹੋ ਹਮਾਰਾ ਜੀਵਣਾ

# ਕਹਾਣੀ ਸੰਗ੍ਰਹਿ 'ਕਾਲਾ ਸੰਤਾਲੀ'

ਉੱਤੇ ਟੀ. ਵੀ. ਸੀਰੀਅਲ ਦੀ ਸੰਭਾਵਨਾ : ਪੰਜਾਬੀ ਦੇ 14 ਪ੍ਰਮੁੱਖ ਕਹਾਣੀਕਾਰਾਂ ਦੀਆਂ ਸੰਤਾਲੀ ਦੇ ਦੁਖਾਂਤ ਬਾਰੇ ਲਿਖੀਆਂ ਸ਼ਾਹਕਾਰ ਕਹਾਣੀਆਂ ਰਾਮ ਸਰੂਪ ਅਣਖੀ ਦੀ ਸੰਪਾਦਨਾ ਥੱਲੇ ਇਕ ਸੰਗ੍ਰਹਿ ਦੇ ਰੂਪ ਵਿਚ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵੱਲੋਂ ਛਾਪੀਆਂ ਗਈਆਂ ਹਨ। ਇਹਦੇ ਵਿਚ ਮੇਰਾ ਉੱਜੜਿਆ ਗੁਆਂਢੀ—ਸੰਤੋਖ ਸਿੰਘ ਧੀਰ, ਜਥੇਦਾਰ ਮੁਕੰਦ ਸਿੰਘ—ਮਹਿੰਦਰ ਸਿੰਘ ਸਰਨਾ, ਪਾਕਿਸਤਾਨ ਦੂਜੀ ਵਾਰ—ਸੁਖਬੀਰ, ਆਪਣੇ ਘੜੇ ਦਾ ਪਾਣੀ—ਰਾਮ ਸਰੂਪ ਅਣਖੀ, ਵਾਘੇ ਦੇ ਆਰ-ਪਾਰ—ਜਸਵੰਤ ਸਿੰਘ ਵਿਰਦੀ, ਅਮਰਕਥਾ—ਗੁਲਜ਼ਾਰ ਸਿੰਘ ਸੰਧੂ, ਜਿੱਤ—ਸੁਖਵੰਤ ਕੌਰ ਮਾਨ, ਸ਼ੀ ਸ਼ਾ—ਗੁਰਦੇਵ ਸਿੰਘ ਰੁਪਾਣਾ, ਮੀਆਂ ਮੀਰ ਗੇਟ 'ਤੇ—ਸੁਰਿੰਦਰ ਕੌਰ, ਫੱਤੂ ਮਰਾਸੀ—ਗੁਰਸ਼ਰਨ ਸਿੰਘ ਭੁੱਲਰ, ਪਾੜ—ਮੋਹਨ ਭੰਡਾਰੀ, ਕਾਫ਼ਲਾ—ਜਸਬੀਰ ਭੁੱਲਰ, ਆ ਭੈਣ ਫਾਤਿਮਾ—ਬਲਦੇਵ ਸਿੰਘ ਅਤੇ ਛੇਵਾਂ ਦਰਿਆ—ਗੁਰਮੇਲ ਮਡਾਹੜ ਕਹਾਣੀਆਂ ਸ਼ਾਮਲ ਹਨ। ਪੰਜਾਬੀ ਸਾਹਿਤ ਦੀ ਮਾਨਵਵਾਦੀ ਸੁਰ ਇਨ੍ਹਾਂ ਕਹਾਣੀਆਂ ਦੀ ਪਛਾਣ ਹੈ। ਇਕ ਸਾਂਝੇ ਸੱਭਿਆਚਾਰ ਅਤੇ ਭਾਈਚਾਰੇ ਦਾ ਦੋ ਹਿੱਸਿਆਂ 'ਚ ਵੰਡਿਆ ਜਾਣਾ ਇਕ ਸ਼ਿੱਦਤ ਦੀ ਪੀੜ ਨੂੰ ਜਨਮ ਦਿੰਦਾ ਹੈ। ਇਸ ਪੀੜ ਦਾ ਇਨ੍ਹਾਂ ਸਾਰੀਆਂ ਕਹਾਣੀਆਂ ਵਿਚ ਕਲਾਮਈ ਪ੍ਰਗਟਾਵਾ ਹੈ।

ਬਲਦੇਵ ਸਿੰਘ ਦੀ ਕਹਾਣੀ 'ਆ ਭੈਣ ਫਾਤਿਮਾ', ਸੁਰਿੰਦਰ ਕੌਰ ਦੀ 'ਮੀਆਂ ਮੀਰ ਗੇਟ 'ਤੇ', ਜਸਵੰਤ ਸਿੰਘ ਵਿਰਦੀ ਦੀ 'ਵਾਘੇ ਦੇ ਆਰ-ਪਾਰ', ਸੁਖਬੀਰ ਦੀ 'ਪਾਕਿਸਤਾਨ-ਦੂਜੀ ਵਾਰ' ਅਤੇ ਰਾਮ ਸਰੂਪ ਅਣਖੀ ਦੀ 'ਆਪਣੇ ਘੜੇ ਦਾ ਪਾਣੀ' ਬੜੀ ਸ਼ਿੱਦਤ ਨਾਲ ਉਸ ਸਾਂਝ ਨੂੰ ਪੇਸ਼ ਕਰਦਾ ਹੈ, ਜੋ ਸਿਆਸੀ ਲਕੀਰ ਪੈਣ 'ਤੇ ਵੀ ਦੋਨੋਂ ਪੰਜਾਬਾਂ ਦੇ ਸੁਹਿਰਦ ਲੋਕਾਂ ਦਰਮਿਆਨ ਪੂਰੀ ਤਰ੍ਹਾਂ ਕਾਇਮ ਹੈ। ਮਨੁੱਖੀ ਜਜ਼ਬਿਆਂ ਨੂੰ ਦਰਸਾਉਂਦੀਆਂ ਹੋਈਆਂ ਇਹ ਕਹਾਣੀਆਂ ਆਪਣੇ ਆਪ ਵਿਚ ਜ਼ਿੰਦਗੀ ਦੀਆਂ ਸਿਹਤਮੰਦ ਕਦਰਾਂ-ਕੀਮਤਾਂ ਦਾ ਪ੍ਰਤੀਕ ਹਨ। ਗੁਲਜ਼ਾਰ ਸਿੰਘ ਸੰਧੂ ਦੀ 'ਅਮਰਕਥਾ' ਤਾਂ ਇਕ ਐਸੀ ਕਹਾਣੀ ਹੈ, ਜੋ ਤੁਹਾਨੂੰ ਵਿਸ਼ੇਸ਼ ਤੌਰ 'ਤੇ ਝੰਜੋੜਦੀ ਹੈ। ਇਹ ਇਕ ਪਿੰਡ ਦੀ ਕਹਾਣੀ ਹੈ। ਦੰਗਿਆਂ ਵੇਲੇ ਨਾਲ ਪਿੰਡ ਦੇ ਬਦਮਾਸ਼ ਇਕ ਮੁਸਲਮਾਨ ਕੁੜੀ ਨੂੰ ਉਧਾਲ ਕੇ ਲੈ ਜਾਂਦੇ ਹਨ। ਪਿੰਡ ਸਾਰਾ ਦੇਖਦਾ ਰਹਿ ਜਾਂਦਾ ਹੈ, ਕਿਉਂਕਿ ਉਹ ਵੇਲਾ ਹੀ ਐਸਾ ਸੀ ਕਿ ਜੇਕਰ ਪਿੰਡ ਦਾ ਕੋਈ ਬੰਦਾ ਉਸ ਨੂੰ ਬਚਾਉਣ ਆਉਂਦਾ ਤਾਂ ਆਪ ਮਾਰਿਆ ਜਾਂਦਾ। ਮੁਸਲਮਾਨ ਘਰ ਹਿਜਰਤ ਕਰਕੇ ਚਲੇ ਗਏ ਹਨ। ਹੁਣ ਉਹ ਉਜੜੇ ਪਏ ਹਨ। ਉਹੋ ਕੁੜੀ ਜਰਵਾਣਿਆਂ ਦੇ ਚੁੰਗਲ ਵਿਚੋਂ ਨਿਕਲ ਕੇ ਆਪਣੇ ਘਰ ਵਾਪਸ ਆਉਂਦੀ ਹੈ। ਜਰਵਾਣੇ ਉਸ ਦੇ ਮਗਰ ਆਉਂਦੇ ਹਨ, ਪਰ ਹੁਣ ਸਾਰਾ ਪਿੰਡ ਉਸ ਦੀ ਮਦਦ ਲਈ ਉੱਠਦਾ ਹੈ ਤੇ ਜਰਵਾਣਿਆਂ ਨੂੰ ਥਾਂ 'ਤੇ ਖ਼ਤਮ ਕਰਦਾ ਹੈ। ਇਕ ਅਮਰ ਪਾਤਰ 'ਤਾਇਆ' ਦੇ ਰਾਹੀਂ ਗੁਲਜ਼ਾਰ ਸਿੰਘ ਸੰਧੂ ਨੇ ਜਿਸ ਵਿਸ਼ੇਸ਼ ਸ਼ੈਲੀ ਜ਼ਰੀਏ ਇਹ 'ਅਮਰ ਕਥਾ' ਬਿਆਨ ਕੀਤੀ ਹੈ, ਉਹ ਇਸ ਕਹਾਣੀ ਨੂੰ ਪੰਜਾਬੀ ਕਹਾਣੀ ਦੀ ਵਿਸ਼ੇਸ਼ ਪ੍ਰਾਪਤੀ ਦਾ ਦਰਜਾ ਦਿੰਦੀ ਹੈ। ਮਹਿੰਦਰ ਸਿੰਘ ਸਰਨਾ ਦੀ 'ਜਥੇਦਾਰ ਮੁਕੰਦ ਸਿੰਘ' ਅਤੇ ਗੁਰਮੇਲ ਮਡਾਹੜ ਦੀ 'ਛੇਵਾਂ ਦਰਿਆ' ਪੰਜਾਬੀ ਮਾਨਸਿਕਤਾ ਨੂੰ ਪਰਨਾਈਆਂ ਉਨ੍ਹਾਂ ਕਿਰਦਾਰਾਂ ਦੀਆਂ ਕਹਾਣੀਆਂ ਹਨ, ਜੋ ਤੁਹਾਡੇ ਮਨਾਂ ਵਿਚ ਸੂਖਮਗਤੀ ਦਾ ਅਹਿਸਾਸ ਜਗਾਉਂਦੀਆਂ ਹਨ। ਮੋਹਨ ਭੰਡਾਰੀ ਦੀ ਕਹਾਣੀ 'ਪਾੜ' ਆਪਣੇ ਆਪ ਵਿਚ ਕਹਾਣੀ ਕਲਾ ਦਾ ਸਿਖ਼ਰ ਹੈ।

ਟੀ. ਵੀ. 'ਤੇ ਬਹੁਤ ਸਾਰੇ ਸੀਰੀਅਲ ਵੇਖਣ ਨੂੰ ਮਿਲਦੇ ਹਨ, ਜੋ ਕਿਸੇ ਵਿਸ਼ੇਸ਼ ਵਿਸ਼ੇ 'ਤੇ ਕੇਂਦਰਿਤ ਹੁੰਦੇ ਹਨ ਜਾਂ ਕਿਸੇ ਵਿਸ਼ੇਸ਼ ਲੇਖਕ ਦੀਆਂ ਰਚਨਾਵਾਂ ਨੂੰ ਰੁਪਾਂਤਰਾਂ ਦੇ ਤੌਰ 'ਤੇ ਪੇਸ਼ ਕੀਤਾ ਜਾਂਦਾ ਹੈ। ਅੱਜ-ਕੱਲ੍ਹ ਸ੍ਰੀ ਰਾਬਿੰਦਰ ਨਾਥ ਟੈਗੋਰ ਦੀਆਂ ਕਹਾਣੀਆਂ ਦਾ ਇਕ ਸੀਰੀਅਲ ਆ ਰਿਹਾ ਹੈ। ਕੋਈ ਐਸਾ ਟੀ. ਵੀ. ਦਾ ਪ੍ਰਾਜੈਕਟ ਹੋਵੇ (ਇਹ ਜਲੰਧਰ ਦੂਰਦਰਸ਼ਨ ਦਾ ਹੋ ਸਕਦਾ ਹੈ) ਕਿ ਵੰਡ ਦੇ ਸਮੇਂ ਦੀਆਂ ਕਹਾਣੀਆਂ ਨੂੰ ਪੇਸ਼ ਕੀਤਾ ਜਾਵੇ ਤਾਂ ਇਹ 14 ਦੀਆਂ 14 ਕਹਾਣੀਆਂ ਬਣੀ-ਬਣਾਈ ਸਮੱਗਰੀ ਮੁਹੱਈਆ ਕਰ ਸਕਦੀਆਂ ਹਨ। ਅਮਰ ਕਥਾ, ਜਥੇਦਾਰ ਮੁਕੰਦ ਸਿੰਘ, ਸ਼ੀਸ਼ਾ, ਆ ਭੈਣ ਫਾਤਿਮਾ ਜਾਂ ਪਾੜ ਵਿਚ ਜੋ ਨਾਟਕੀ ਅੰਸ਼ ਹੈ, ਉਹ ਇਨ੍ਹਾਂ ਨੂੰ ਵਧੀਆ ਟੀ. ਵੀ. ਪੇਸ਼ਕਾਰੀ ਦੇ ਯੋਗ ਬਣਦਾ ਹੈ। 'ਪਾੜ' ਕਹਾਣੀ ਉੱਤੇ ਤਾਂ ਹੁਣ ਹਰਬਖ਼ਸ਼ ਲਾਟਾ ਇਕ ਫ਼ਿਲਮ ਵੀ ਬਣਾ ਰਿਹਾ ਹੈ। ਇਹ ਟੈਲੀ ਸੀਰੀਅਲ ਯਕੀਨਨ ਦੋਵੇਂ ਪੰਜਾਬਾਂ ਵਿਚ ਬੜਾ ਮਕਬੂਲ ਹੋ ਸਕਦਾ ਹੈ।

—ਗੁਰਸ਼ਰਨ ਸਿੰਘ